# ਅਨੁਵਾਦਕ ਦੀ ਕਲਮ ਤੋਂ

ਜੈਨ ਸਾਹਿਤ ਭਾਰਤੀ ਧਰਮਾਂ ਵਿਚ ਮਹੱਤਵਪੂਰਨ ਇਤਿਹਾਸਕ ਸਥਾਨ ਰਖਦਾ ਹੈ। ਜੈਨ ਧਰਮ ਦੇ ੨੪ ਤੀਰਥੰਕਰਾਂ।ਭਗਵਾਨ ਰਿਸ਼ਵਦੇਵ ਤੋਂ ਭਗਵਾਨ ਮਹਾਂਵੀਰ ਤੱਕ ਨੇ ਸੰਸਕ੍ਰਿਤ ਨੂੰ ਛੱਡ ਕੇ ਲੋਕ ਭਾਸ਼ਾ ਅਰਧ ਮਾਗਧੀ ਪ੍ਰਾਕ੍ਰਿਤ ਵਿੱਚ ਉਪਦੇਸ਼ ਦਿੱਤਾ। ਇਸ ਸਾਹਿਤਕ ਵਿਰਸੇ ਨੂੰ ਭਗਵਾਨ ਮਹਾਂਵੀਰ ਤੋਂ ਬਾਅਦ ਲਗਭਗ ੧੦੦੦ ਤੱਕ ਸੰਭਾਲਣ ਦੀਆਂ ਕੋਸ਼ਿਸ਼ਾਂ ਮੂੰਹ-ਜ਼ੁਬਾਨੀ ਰਹੀਆਂ। ਉਦੋਂ ਤੱਕ ਸਾਧੂਆਂ ਕਲਮ ਤੇ ਕਾਗਜ਼ ਤੇ ਲਿਖਣਾ ਸ਼ੁਰੂ ਨਹੀਂ ਕੀਤਾ ਸੀ। ਕੁਝ ਲੋਕਾਂ ਦਾ ਵਿਚਾਰ ਹੈ ਕਿ ਮਥੁਰਾ ਵਿਖੇ ਹੋਏ ਸੰਮੇਲਨ ਵਿੱਚ ਸਾਰੇ ਆਗਮ ਲਿਖੇ ਗਏ ਸਨ ਅਤੇ ਬਲੱਭੀ ਵਿਖੇ ਉਨ੍ਹਾਂ ਨੂੰ ਠੀਕ ਢੰਗ ਨਾਲ ਸੰਪਾਦਨ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹ ਅੰਤਮ ਕੋਸ਼ਿਸ਼ ਸੀ। ਇਸ ਤੋਂ ਪਹਿਲਾਂ ਕਲਿੰਗ ਦੇ ਜੈਨ ਰਾਜਾ ਮਹਾਂਮੇਘ ਵਾਹਨ ਨੇ ਇੱਕ ਕੋਸ਼ਿਸ਼ ਕੀਤੀ ਸੀ। ਫੇਰ ੧੭੦ ਈ. ਪੂ. ਪਾਟਲੀਪੁਤਰ ਵਿਖੇ ਆਚਾਰੀਆ ਭੱਦਰਵਾਹੂ ਦੀ ਪ੍ਰਧਾਨਗੀ ਹੇਠ ਇੱਕ ਵਾਚਨਾ ਹੋਈ। ਦੂਸਰੀ ਵਾਚਨਾ ਅਚਾਰੀਆ ਸੰਕਿਦਲ ਦੀ ਪ੍ਰਧਾਨਗੀ ਹੇਠ ਹੋਈ। ਅਚਾਰੀਆ ਭੱਦਰਵਾਹੂ ਸਮੇਂ ਬਹੁਤ ਸਾਰੇ ਮੱਤਭੇਦ ਪ੍ਰਗਟ ਹੋ ਗਏ ਸਨ। ਚੌਥੀ ਤੇ ਪੰਜਵੀਂ ਵਾਚਨਾ ਬਲੱਭੀ ਵਿਖੇ ਹੋਈ। ਵਰਤਮਾਨ ਸਵੇਤਾਂਬਰ ਜੈਨੀਆਂ ਰਾਹੀਂ ਮੰਨੇ ਜਾਂਦੇ ਆਗਮ ਉਸੇ ਵਾਚਨਾ ਦਾ ਸਿੱਟਾ ਹਨ। ਦਿਗੰਬਰ ਪ੍ਰੰਪਰਾ ਕੁਝ ਮੱਤਭੇਦਾਂ ਕਾਰਨ ਇਨ੍ਹਾਂ ਆਗਮਾਂ ਨੂੰ ਮਹਾਂਵੀਰ ਦੀ ਬਾਣੀ ਨਹੀਂ ਮੰਨਦੀ। ਇਨ੍ਹਾਂ ਦੇ ਨਾਵਾਂ ਨੂੰ ਹੀ ਸਵੀਕਾਰ ਕਰਦੀ ਹੈ।

ਵਰਤਮਾਨ ਸਮੇਂ ਵਿੱਚ ੧੦ ਪ੍ਰਕਿਰਣਕ ਸ਼ਵੇਤਾਂਬਰ ਜੈਨ ਮੂਰਤੀ ਪੂਜਕ ਫਿਰਕਾ ਮੰਨਦਾ ਹੈ। ਆਗਮ ਪ੍ਰਭਾਕਰ ਸ੍ਰੀ ਜਿਨ ਵਿਜੈ ਜੀ ਨੇ ੨੨ ਪ੍ਰਕਿਰਣਕਾਂ ਦੀ ਸੂਚਨਾ ਦਿੱਤੀ ਹੈ।

ਗੱਛਾ ਆਚਾਰ ਪ੍ਰਕਿਣਕ ਦਾ ਵਰਨਣ ਨਾ ਤਾਂ ਨੰਦੀ ਸੂਤਰ ਵਿੱਚ ਆਇਆ ਹੈ ਅਤੇ ਨਾ ਪਾਕਸ਼ਿਕ ਸੂਤਰ ਵਿੱਚ। ਇਸ ਦਾ ਸਭ ਤੋਂ ਪਹਿਲਾ ਵਰਨਣ ਵਿਧੀ ਮਾਰਗ ਪ੍ਰਧਾ (ਜਿਨ ਪ੍ਰਭਵ, ੧੪ ਵੀਂ ਸਦੀ) ਵਿੱਚ ਆਇਆ ਹੈ। ਇਸ ਗਰੰਥ ਅਨੁਸਾਰ ਗੱਛਾ ਆਚਾਰ ਤੋਂ ਬਾਅਦ ਮਹਾਨਸੀਥ ਦਾ ਅਧਿਐਨ ਜ਼ਰੂਰੀ ਹੈ।

ਪੁਰਾਤਨ ਜੈਨ ਆਗਮਾਂ ਵਿੱਚ ਪਹਿਲੇ ਤੀਰਥੰਕਰ ਦੇ ੮੪੦੦੦ ਪ੍ਰਕਿਰਣਕ ਸਨ। ਪ੍ਰਕਿਰਣਕ ਗਰੰਥ ਦਾ ਭਾਵ ਉਹ ਬਾਣੀ ਹੈ ਜੋ ਤੀਰਥੰਕਰਾਂ ਦੇ ਸ਼ਿਸ਼ ਉਨ੍ਹਾਂ ਦਾ ਉਪਦੇਸ਼ ਸੁਣ ਕੇ ਖੁਦ ਰਚਦੇ ਹਨ। ਗੱਛਾ ਆਚਾਰ ਦੋ ਸ਼ਬਦਾਂ ਤੋਂ ਬਣਿਆ ਹੈ। ਗੱਛ ਅਤੇ ਆਚਾਰ। ਗੱਛ ਸ਼ਬਦ ਦਾ ਪਹਿਲਾ ਵਰਨਣ ਸ਼ਿਲਾਲੇਖ ਦੇ ਰੂਪ ਵਿੱਚ ਵਿਕਰਮ ਸੰਮਤ ੧੦੧੧ ਭਾਵ ਸੰਨ ੯੫੪ ਵਿੱਚ ਹੋਇਆ ਹੈ, ਜਿਸ ਵਿੱਚ ਬ੍ਰਹਦਗੱਛ ਦਾ ਵਰਨਣ ਹੈ। ਸਾਹਿਤਕ ਪੱਖੋਂ ਇਹ ਸ਼ਬਦ ੬-੭ ਸਦੀ ਦਾ ਹੈ। ਔਘ ਨਿਰਯੁਕਤੀ ਵਿੱਚ ਆਚਾਰੀਆ ਹਰੀਭੱਦਰ ਨੇ ਇਸ ਸ਼ਬਦ ਦਾ ਪ੍ਰਯੋਗ ਕਰਦੇ ਆਖਿਆ ਹੈ, "ਇੱਕ ਗੁਰੂ ਦੇ ਚੇਲਿਆਂ ਦਾ ਸਮੂਹ ਹੀ ਗੱਛ ਅਖਵਾਉਂਦਾ ਹੈ" ਸ਼ਬਦਾਂ ਦੇ ਅਰਥ ਪੱਖੋਂ ਇਕੋ ਸਮੇਂ ਇਕੱਠੇ ਚੱਲਣ ਵਾਲੇ ਮੁਨੀਆਂ ਦਾ ਇਕੱਠ ਵੀ ਗੱਛ ਹੈ। ਗੱਛ ਸ਼ਬਦ ਤੋਂ ਪਹਿਲਾਂ ਗਣ, ਸ਼ਾਖਾ, ਕੁਲ ਅਤੇ ਅਨਵਯ ਸ਼ਬਦ ਪ੍ਰਾਪਤ ਹੁੰਦੇ ਹਨ ਪਰ ਹੁਣ ਤਾਂ ਸ਼ਵੇਤਾਂਬਰ ਫਿਰਕੇ ਵਿੱਚ ਹੀ ੮੪ ਗੱਛ ਹਨ।

ਇਸ ਗਰੰਥ ਵਿੱਚ ਗੱਛ ਵਿੱਚ ਨਿਵਾਸ ਕਰਨ ਦੇ ਲਾਭ ਤੇ ਹਾਨੀਆਂ ਦੇ ਨਾਲ ਨਾਲ ਚੰਗੇ ਤੇ ਮਾੜੇ ਗੱਛ ਦੀ ਪਹਿਚਾਣ ਹੈ। ਚੰਗੇ ਆਚਾਰੀਆ ਤੇ ਚੰਗੇ ਚੇਲੇ ਦੇ ਫਰਜ਼ਾਂ ਦੀ ਜਾਣਕਾਰੀ ਹੈ। ਸਾਧੂ-ਸਾਧਵੀਆਂ ਕਰਨ ਜਾਂ ਕਰਨਯੋਗ ਕੰਮ ਦਾ ਅਨੁਸ਼ਾਸ਼ਨਾਤਮਕ ਢੰਗ ਨਾਲ ਵਰਨਣ ਹੈ। ਕਠੋਰ ਜ਼ਿੰਦਗੀ ਤੇ ਜ਼ੋਰ ਹੈ। ਐਸ਼ਪ੍ਰਸਤੀ ਦਾ ਵਿਰੋਧ ਹੈ। ਅਜਿਹਾ ਗੱਛ ਜੋ ਅਨੁਸ਼ਾਸਨ ਵਾਲਾ ਹੈ, ਸਾਧੂ ਨੂੰ ਮੋਕਸ਼ ਦਾ ਰਾਹ ਵਿਖਾਉਂਦਾ ਹੈ।

<u>ਰਚਨਾਕਾਰ:</u> ਇਸ ਗਰੰਥ ਦੇ ਰਚੇਤਾ ਆਚਾਰੀਆ ਜਿਨ ਵੀਰਭੱਦਰ ਮੰਨੇ ਜਾਂਦੇ ਹਨ, ਜਿਨ੍ਹਾਂ ਬਾਰੇ ਕੁਝ ਨਹੀਂ ਆਖਿਆ ਜਾ ਸਕਦਾ। ਖੁਦ ਆਚਾਰੀਆ ਇਸ ਗਰੰਥ ਦੀ ਰਚਨਾ ਦਾ ਆਧਾਰ ਮਹਾਨ ਸਿਸ, ਕਲਪ ਸੂਤਰ, ਵਿਵਹਾਰ ਸੂਤਰ ਮੰਨੇ ਹਨ। ਇਸ ਪੱਖੋਂ ਇਨ੍ਹਾਂ ਗਰੰਥਾਂ ਦੀ ਰਚਨਾ ਤੋਂ ਬਾਅਦ ਹੀ ਇਸ ਗਰੰਥ ਦੀ ਰਚਨਾ ਮੰਨੀ ਜਾ ਸਕਦੀ ਹੈ।

ਇਹ ਛੋਟਾ ਜਿਹਾ ਗਰੰਥ ਅੰਮ੍ਰਿਤ ਦਾ ਕੁੰਭ ਹੈ। ਅਸੀਂ ਇਹ ਅੰਮ੍ਰਿਤ ਕੁੰਭ ਆਪਣੀ ਗੁਰੁਣੀ ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਦੀ ਪ੍ਰੇਰਨਾ ਅਤੇ ਨਿਰਦੇਸ਼ਨ ਵਿੱਚ ਤਿਆਰ ਕੀਤਾ ਹੈ ਜੋ ਪਹਿਲੀ ਵਾਰ ਪੰਜਾਬੀ ਪਾਠਕਾਂ ਨੂੰ ਭੇਂਟ ਹੈ।

ਖਿਮਾ ਯਾਚਨਾ ਸਹਿਤ!

ਸ਼ੁਭਚਿੰਤਕ,
ਰਵਿੰਦਰ ਜੈਨ, ਪੁਰਸ਼ੋਤਮ ਜੈਨ
ਮੰਡੀ ਗੋਬਿੰਦਗੜ੍ਹ,
੨੩-੧੦-੯੭